# ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, (ਮੋਹਾਲੀ) ਪੰਜਾਬ
ਫੋਨ ਨੰ.0172-5212307, 2210019 ਫੈਕਸ ਨੰ. 0172-5212369 E-Mail Id: punjabmiddaymeal@gmail.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈਬ-ਸਾਈਟ ਤੇ)

ਮੀਮੋਂ ਨੰ.ਐਮ.ਡੀ.ਐਮ.ਐਸ./ਜੀ.ਐਮ./2017/231
ਮਿਤੀ 13/02/2017

ਵਿਸ਼ਾ:- ਰਾਜ ਦੇ ਸਮੂਹ ਸਕੂਲਾਂ ਵਿੱਚ ਡੀ.-ਵਾਰਮਿੰਗ ਦਿਵਸ/ਰਾਸ਼ਟਰੀ ਪੇਟ ਕੀੜੇ ਮਾਰ ਦਿਵਸ ਮਿਤੀ 15/02/2017 ਨੂੰ ਪਹਿਲੀ ਤੋਂ ਬਾਰ੍ਹਵੀਂ ਸ੍ਰੇਣੀਆਂ ਦੇ ਬੱਚਿਆਂ ਨੂੰ ਪੇਟ ਦੇ ਕੀੜਿਆਂ ਦੀ ਰੋਕਥਾਮ ਲਈ ਐਲਬੈਂਡਾਜ਼ੋਲ ਦੀ ਖੁਰਾਕ ਦੇਣ ਸਬੰਧੀ।

1.0 ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਪੱਤਰ ਨੰ. ਐਮ.ਡੀ.ਐਮ.ਐਸ./ਜੀ.ਐਮ./2017/136 ਮਿਤੀ 23/01/2017 ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਰਾਜ ਦੇ ਸਮੂਹ ਸਕੂਲਾਂ ਵਿੱਚ ਡੀ.-ਵਾਰਮਿੰਗ ਦਿਵਸ/ਰਾਸ਼ਟਰੀ ਪੇਟ ਕੀੜੇ ਮਾਰ ਦਿਵਸ ਮਿਤੀ 15/02/2017 ਨੂੰ ਪਹਿਲੀ ਤੋਂ ਬਾਰ੍ਹਵੀਂ ਸ੍ਰੇਣੀਆਂ ਦੇ ਬੱਚਿਆਂ ਨੂੰ ਪੇਟ ਦੇ ਕੀੜਿਆਂ ਦੀ ਰੋਕਥਾਮ ਲਈ ਐਲਬੈਂਡਾਜ਼ੋਲ ਦੀ ਖੁਰਾਕ ਦੇਣ ਸਬੰਧੀ ਮਨਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਸਬੰਧੀ ਮਿਤੀ 14/02/2017 ਤੋਂ 20/02/2017 ਤੱਕ ਰੋਜਾਨਾ ਐਜੂਸੈਟ ਤੇ 20 ਮਿੰਟ ਦਾ ਲੈਕਚਰ, ਦਿਨ ਵਿੱਚ ਦੋ ਵਾਰੀ ਸਮਾਂ ਸਵੇਰੇ 9:30 ਅਤੇ ਬਾਅਦ ਦੁਪਹਿਰ 12:30 ਵਜੇ ਚਲਾਇਆ ਜਾਵੇਗਾ।

2.0 ਉਕਤ ਪ੍ਰੋਗਰਾਮ ਸਕੂਲਾਂ ਦੇ ਸਮੂਹ ਸਟਾਫ ਅਤੇ ਬੱਚਿਆਂ ਨੂੰ ਹਰ ਹਾਲਤ ਵਿੱਚ ਵਿਖਾਉਣਾ ਯਕੀਨੀ ਬਣਾਇਆ ਜਾਵੇ।ਸਕੂਲ ਪ੍ਰਿੰਸੀਪਲ ਆਪਣੀ ਸੁਵਿਧਾ ਅਨੁਸਾਰ ਇਹ ਯਕੀਨੀ ਬਣਾਉਣ ਕਿ ਕਿੰਨੇ ਵਿਦਿਆਰਥੀਆਂ ਨੂੰ ਵੱਖ-ਵੱਖ ਗਰੁੱਪ ਬਣਾ ਕੇ ਇਹ ਪ੍ਰੋਗਰਾਮ ਵਿਖਾਇਆ ਜਾ ਸਕਦਾ ਹੈ।

3.0 ਜਿਨ੍ਹਾਂ ਸਕੂਲਾਂ ਵਿੱਚ ਐਜੂਸੈਟ ਦੀ ਸੁਵਿਧਾ ਨਹੀਂ ਹੈ ਉਨ੍ਹਾਂ ਸਕੂਲਾਂ ਦਾ ਇੱਕ-ਇੱਕ ਅਧਿਆਪਕ **ROT** ਵਾਲੇ ਸਕੂਲਾਂ ਵਿੱਚ ਭੇਜਿਆ ਜਾਵੇ ਤਾਂ ਜੋ ਉਹ ਲੈਕਚਰ ਅਟੈਂਡ ਕਰਨ ਉਪਰੰਤ ਸਕੂਲ ਵਿੱਚ ਆ ਕੇ ਇਸ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇ ਸਕਣ। ਦੂਜੇ ਸਕੂਲਾਂ ਦੇ ਅਧਿਆਪਕਾਂ ਦੀ ਹਾਜਰੀ ਸਬੰਧੀ ਰਿਕਾਰਡ ਰੱਖਿਆ ਜਾਵੇ।

4.0 ਪਿੰਡ ਦੇ ਜਿਸ ਸਕੂਲ ਵਿੱਚ **ROT** ਚੱਲ ਰਿਹਾ ਹੈ, ਉਸੇ ਪਿੰਡ ਵਿੱਚ ਸਥਿਤ ਪ੍ਰਾਇਮਰੀ ਸਕੂਲ ਦੇ ਅਧਿਆਪਕ ਨੂੰ ਵੀ ਲੈਕਚਰ ਅਟੈਂਡ ਕਰਨ ਲਈ ਨੋਟ ਕਰਵਾਇਆ ਜਾਵੇ।

5.0 ਮਿਤੀ 15/02/2017 ਨੂੰ ਪਹਿਲੀ ਤੋਂ ਬਾਰ੍ਹਵੀਂ ਸ੍ਰੇਣੀਆਂ ਦੇ ਬੱਚਿਆਂ ਨੂੰ ਪੇਟ ਦੇ ਕੀੜਿਆਂ ਦੀ ਰੋਕਥਾਮ ਲਈ ਐਲਬੈਂਡਾਜ਼ੋਲ ਦੀ ਖੁਰਾਕ ਲੈਣ ਤੋਂ ਜੇਕਰ ਕੋਈ ਬੱਚਾ ਰਹਿ ਜਾਂਦਾ ਹੈ ਤਾਂ ਉਹ ਖੁਰਾਕ ਉਸ ਬੱਚੇ ਨੂੰ 20/02/2017 ਨੂੰ ਦਿੱਤੀ ਜਾਵੇ।

ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਟੀ

ਪਿੱ.ਅੰ.ਨੰ.ਐਮ.ਡੀ.ਐਮ.ਐਸ./ਜੀ.ਐਮ./2017/232 ਮਿਤੀ 13/02/2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਿਪਟੀ ਐਸ.ਪੀ.ਡੀ. (ਐਜੂਸੈਟ),
2) ਸਮੂਹ ਜਿਲ੍ਹਾ ਕੋਆਰਡੀਨੇਟਰ, ਮਿਡ-ਡੇ-ਮੀਲ, ਪੰਜਾਬ ਰਾਜ।

ਜਨਰਲ ਮੈਨੇਜਰ